ਵੱਲੋ,

ਡਾਇਰੈਕਟਰ
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

ਪ੍ਰਿੰਸੀਪਲ/(ਸੈਕਸ਼ਨਿੰਗ ਅਥਾਰਟੀ)
ਸਰਕਾਰੀ ਬਹੁਤਕਨੀਕੀ ਕਾਲਜ,
ਰਜਿਸਟਰਾਰ।

1. ਪੰਜਾਬ ਟੈਕਨੀਕਲ ਯੂਨੀਵਰਸਿਟੀ, ਜਲੰਧਰ
2. ਡਾ. ਬੀ.ਆਰ.ਅੰਬੇਦਕਰ, ਨੈਸ਼ਨਲ ਇੰਸਟੀਚਿਊਟ ਆਫ ਟੈਕਨੋਲੋਜੀ, ਜਲੰਧਰ
3. ਇੰਡੀਅਨ ਇੰਸਟੀਚਿਊਟ ਆਫ ਟੈਕਨੋਲੋਜੀ, ਰੋਪੜ
4. ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀ: ਐਂਡ ਟੈਕ:, ਲੋਂਗੋਵਾਲ ਸੰਗਰੂਰ
5. ਥਾਪਰ ਯੂਨੀਵਰਸਿਟੀ, ਪਟਿਆਲਾ
6. ਨੈਸ਼ਨਲ ਇੰਸਟੀਚਿਊਟ ਆਫ ਫਾਰਮਾਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ, ਮੋਹਾਲੀ।

ਮੀਮੋ ਨੰ: 158 /ਵੈਬ ਪੋਰਟਲ ਮਿਤੀ: 4/03/2014

ਵਿਸ਼ਾ: ਮਿਤੀ 19.02.2014 ਨੂੰ ਸਕੱਤਰ ਭਲਾਈ ਵਿਭਾਗ ਜੀ ਵੱਲੋਂ ਬੁਲਾਈ ਮੀਟਿੰਗ ਵਿੱਚ ਪ੍ਰਿੰਸੀਪਲਾਂਵੱਲੋਂ ਪ੍ਰਾਪਤ ਆਪ ਵੱਲੋਂ ਭੇਜੇ ਐਸ.ਸੀ/ਓ.ਬੀ.ਸੀ. ਵਿਦਿਆਰਥੀਆਂ ਦੇ ਡਾਟੇ ਵਿੱਚ ਹੇਠ ਲਿਖੇ ਅਨੁਸਾਰ ਸੋਧਾਂ ਕਰਨ ਸਬੰਧੀ।

ਹਵਾਲਾ: ਇਸ ਦਫ਼ਤਰ ਦੇ ਪੱਤਰ ਨੰ: 331 ਮਿਤੀ 25.02.2014 ਦੇ ਸਬੰਧ ਵਿੱਚ ਉਪਰੋਕਤ ਵਿਸ਼ੇ ਤੇ ।

ਆਪ ਦਾ ਧਿਆਨ ਹਵਾਲਾ ਅਧੀਨ ਪੱਤਰ ਵੱਲ ਦਿਵਾਇਆ ਜਾਂਦਾ ਹੈ ਜਿਸ ਰਾਹੀਂ ਆਪ ਨੂੰ ਦਰਸਾਇਆ ਗਿਆ ਸੀ ਕਿ ਪੱਤਰ ਨੰ:329 ਮਿਤੀ 20.02.2014 ਰਾਹੀਂ ਭਲਾਈ ਵਿਭਾਗ ਵੱਲੋਂ ਭੇਜੇ ਐਕਸਲ ਡਾਟੇ ਵਿੱਚ ਪਾਈ ਜਾਣ ਵਾਲੀ ਡੁਪਲੀਕੇਸੀ ਨੂੰ ਸੋਧਣ ਲਈ ਮਿਤੀ 24.02.2014 ਨੂੰ 12:00 ਵਜੇ ਤੱਕ ਆਪ ਜੀ ਤੋਂ ਕੰਪਾਈਲਡ ਰਿਪੋਰਟ ਮੰਗੀ ਗਈ ਸੀ।

ਇਸ ਵਿੱਚ ਸੋਧਾਂ ਕਰਨ ਸਬੰਧੀ ਕੰਪਾਈਲਡ ਰਿਪੋਰਟ ਮਿਤੀ 26.02.2014 ਨੂੰ ਦੁਪਹਿਰ 2:00 ਵਜੇ ਤੱਕ ਹਰ ਹਾਲਤ ਵਿੱਚ ਭੇਜਣੀ ਯਕੀਨੀ ਬਣਾਉਣ ਲਈ ਕਿਹਾ ਗਿਆ ਸੀ।ਪਰੰਤੂ ਅਜੇ ਵੀ P.T.U. ਦੇ ਲਗਭਗ 60 ਕੇਸਾਂ ਦੀ ਡੁਪਲੀਕੇਸੀ ਪੈਂਡਿੰਗ ਹੈ। ਜਿਸ ਬਾਰੇ ਉਨ੍ਹਾਂ ਵੱਲੋਂ ਹੋਰ ਸਮਾਂ ਮੰਗਿਆ ਗਿਆ ਹੈ। ਇਸ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਭਲਾਈ ਵਿਭਾਗ ਵੱਲੋਂ ਵਾਰ-2 Corrected ਡਾਟੇ ਦੀ ਮੰਗ ਕੀਤੀ ਜਾ ਰਹੀ ਹੈ। ਇਸ ਲਈ ਆਪ ਜੀ ਨੂੰ Final Reminder ਭੇਜਦੇ ਹੋਏ ਜੇਕਰ ਆਪ ਦੀ ਸੰਸਥਾ ਜਾਂ ਆਪ ਜੀ ਨਾਲ ਸਬੰਧਤ ਸੰਸਥਾਵਾਂ ਵੱਲੋਂ ਕਿਸੇ ਵੀ ਤਰ੍ਹਾਂ ਦੀ ਸੋਧ ਕਰਨੀ ਰਹਿੰਦੀ ਹੋਵੇ ਤਾਂ ਹਰ ਹਾਲਤ ਵਿੱਚ ਅੱਜ ਸ਼ਾਮ 3:00 ਵਜੇ ਤੱਕ ਮੁੱਖ ਦਫ਼ਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ, ਜੇਕਰ ਆਪ ਦੇ ਪੱਧਰ ਤੇ ਬਾਅਦ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਸੋਧ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਤਾਂ ਉਸ ਉਪਰੰਤ ਕਿਸੇ ਵੀ ਤਰ੍ਹਾਂ ਦੀ ਸੋਧ ਕਰਨੀ ਸੰਭਵ ਨਹੀਂ ਹੋਵੇਗੀ ਕਿਉਂ ਜੋ ਤਦ ਤੱਕ ਇਹ ਡਾਟਾ ਭਲਾਈ ਵਿਭਾਗ ਨੂੰ ਭੇਜਿਆ ਜਾ ਚੁੱਕਾ ਹੋਵੇਗਾ ਅਤੇ ਇਸ ਦੀ ਨਿਰੋਲ ਜੁੰਮੇਵਾਰੀ ਸਬੰਧਤ ਸੰਸਥਾ/ਸੈਂਕਸ਼ਨਿੰਗ ਅਥਾਰਟੀ ਦੀ ਹੋਵੇਗੀ

ਵਧੀਕ ਡਾਇਰੈਕਟਰ,
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।